# ਟਾਪੂ ਤਾਰਾ

# ਪ੍ਰਭੂ ਦੀ ਕਲੀਸੀਆ ਦਾ ਮੈਂਬਰ ਬਣਨਾ

**ਸਵਾਲ**: ਪਹਿਲੀ ਸਦੀ ਦੇ ਲੋਕ ਪ੍ਰਭੂ ਦੀ ਕਲੀਸੀਆ ਦੇ ਮੈਂਬਰ ਕਿਵੇਂ ਬਣਦੇ ਸਨ, ਅਤੇ ਹੁਣ *ਅਸੀਂ* ਅੱਜ ਉਹਦੀ ਕਲੀਸੀਆ ਦੇ ਮੈਂਬਰ ਕਿਵੇਂ ਬਣ ਸਕਦੇ ਹਾਂ?

**ਜਵਾਬ**: ਕਲੀਸੀਆ ਦੇ ਮਸੀਹ ਦੇ ਲਹੂ ਨਾਲ ਬਚਾਈ ਲੋਕਾਂ ਦੀ ਦੇਹ ਹੈ। ਇਸ ਲਈ ਇਸ ਵਿਚ ਸਿਰਫ਼ ਓਹੀ ਲੋਕ ਹਨ ਜੋ ਪਾਪੀ, ਗੁਆਚੇ ਹੋਏ ਸਨ, ਜਿਨ੍ਹਾਂ 'ਤੇ ਖ਼ੁਦਾ ਦਾ ਫ਼ਜ਼ਲ ਹੋਇਆ ਹੈ। ਯਾਨੀ ਬੱਚਿਆਂ ਨੂੰ ਕਲੀਸੀਆ ਦੀ ਕੋਈ ਲੋੜ ਨਹੀਂ ਹੈ। ਬੱਚੇ ਅਤੇ ਨੰਨ੍ਹੇ-ਮੁੰਨੇ *ਸੁਰੱਖਿਅਤ* ਹਨ; ਉਨ੍ਹਾਂ ਨੂੰ ਮੁਕਤੀ ਦੀ ਕੋਈ ਲੋੜ ਨਹੀਂ ਹੈ (ਮੱਤੀ 18:3)। ਪਰ ਜਦ ਕੋਈ ਐਨਾ ਵੱਡਾ ਹੋ ਜਾਂਦਾ ਹੈ ਕਿ ਉਹਨੂੰ ਸਮਝ ਆ ਜਾਵੇ ਕਿ ਪਾਪ ਖ਼ੁਦਾ ਦੇ ਖ਼ਿਲਾਫ਼ ਬਗ਼ਾਵਤ ਹੈ ਤਾਂ ਉਹ ਪਾਪੀ ਹੁੰਦਾ ਹੈ (ਰੋਮੀਆਂ 3:23) ਅਤੇ ਉਹਨੂੰ *ਬਚਾਏ ਜਾਣ* ਦੀ ਲੋੜ ਹੁੰਦੀ ਹੈ। ਮਸੀਹ ਪਾਪੀਆਂ ਨੂੰ ਬਚਾਉਣ ਲਈ ਮਰਿਆ (1 ਕੁਰਿੰਥੀਆਂ 15:3), ਪਰ ਉਸ ਸਭ ਦਾ ਫ਼ਾਇਦਾ ਲੈਣ ਲਈ ਜੋ ਮਸੀਹ ਨੇ ਕੀਤਾ ਹੈ ਪਾਪੀ ਲਈ ਕੀ ਕਰਨਾ ਜ਼ਰੂਰੀ ਹੈ? ਪਹਿਲਾਂ ਤਾਂ ਉਹਨੂੰ ਮਸੀਹ ਬਾਰੇ ਜਾਣਨ ਦੀ ਲੋੜ ਹੈ (ਯੂਹੰਨਾ 6:45; ਮੱਤੀ 28:18-20)। ਇਸ ਨਾਲ ਉਹਦੇ ਮਨ ਵਿਚ ਵਿਸ਼ਵਾਸ (ਰੋਮੀਆਂ 10:17) ਅਤੇ ਮਸੀਹ ਵਿਚ ਭਰੋਸਾ ਪੈਦਾ ਹੁੰਦਾ ਹੈ। ਜੋ ਉਸ ਨੂੰ ਦੂਜਿਆਂ ਸਾਹਮਣੇ ਯਿਸੂ ਦਾ ਇਕਰਾਰ ਕਰਨ ਦਾ ਕਾਰਣ ਬਣਦਾ ਹੈ (ਰੋਮੀਆਂ 10:9, 10)। ਵਿਸ਼ਵਾਸ ਨਾਲ ਤੌਬਾ ਹੋਣੀ ਲਾਜ਼ਮੀ ਹੈ (ਰਸੂਲਾਂ ਦੇ ਕੰਮ 2:37, 38) ਜੋ ਉਸ ਨੂੰ ਬਪਤਿਸਮੇ ਤਕ ਲਿਆਉਂਦੀ ਹੈ (ਮਰਕੁਸ 16:16) ਜੋ ਕਿ ਪਾਣੀ ਵਿਚ (ਰਸੂਲਾਂ ਦੇ ਕੰਮ 10:47) ਦਫ਼ਨ ਹੋਣਾ ਹੈ (ਰੋਮੀਆਂ 6:3, 4)। ਕਲੀਸੀਆ ਦੀ ਕਾਇਮੀ ਵਾਲੇ ਦਿਨ ਇਹ ਸਭ ਗੱਲਾਂ ਕਰਨ ਵਾਲਿਆਂ ਨੂੰ ਪ੍ਰਭੂ ਦੁਆਰਾ ਆਪਣੀ ਕਲੀਸੀਆ ਵਿਚ ਮਿਲਾ ਲਿਆ ਗਿਆ ਸੀ (ਰਸੂਲਾਂ ਦੇ ਕੰਮ 2:38, 41, 47). 1 ਕੁਰਿੰਥੀਆਂ 12:13 ਵਿਚ ਪੌਲੁਸ ਨੇ ਜ਼ੋਰ ਦਿੱਤਾ ਹੈ ਕਿ ਆਤਮਾ ਦੀਆਂ ਸਿੱਖਿਆਵਾਂ 'ਤੇ ਚੱਲਣ ਵਾਲਿਆਂ ਨੂੰ ''ਇਕ ਸਰੀਰ ਬਣਨ ਲਈ ਬਪਤਿਸਮਾ'' ਦਿੱਤਾ ਜਾਂਦਾ ਹੈ ਜੋ ਕਿ ਕਲੀਸੀਆ ਹੈ (ਕੁਲੁੱਸੀਆਂ 1:18)। ਕਲੀਸੀਆ ਬਚਾਏ ਹੋਏ ਲੋਕਾਂ ਦੀ ਦੇਹ ਜਾਂ ਜਮਾਤ ਹੈ ਇਸ ਲਈ ਜੋ ਕਿਸੇ ਨੂੰ ਕਲੀਸੀਆ ਦਾ ਮੈਂਬਰ ਬਣਾਉਂਦਾ ਹੈ ਓਹੀ ਉਸ ਨੂੰ ਬਚਾਉਂਦਾ ਹੈ ਅਤੇ ਜੋ ਉਸ ਨੂੰ ਬਚਾਉਂਦਾ ਹੈ ਓਹੀ ਕਲੀਸੀਆ ਦਾ ਮੈਂਬਰ ਵੀ ਬਣਾਉਂਦਾ ਹੈ!


ਕਾਲਾ
ਸਮੁੰਦਰ
50 100 150 200
ਅਦਰੀਆ
ਸਮੁੰਦਰ
ਏਜੀਅਨ
ਸਮੁੰਦਰ
ਮਾਲਟਾ
ਕ੍ਰਿਦੁਸ
ਮੂਰਾ
ਫ਼ੈਨੀਕੇ
ਕਰੇਤ
ਸਲੋਮੀ
ਕਲੌਦਾ
ਲਸਾਇਆ
ਸੁੰਦਰ
ਘਾਟ
ਭੂ-ਮੱਧ ਸਾਗਰ
ਸਿਕੰਦਰੀਆ
ਬਰੇਤੀ

ਪੌਲੁਸ ਦਾ ਰੋਮ ਦਾ ਸਫ਼ਰ

# ਪੌਲੁਸ ਦਾ ਰੋਮ ਦਾ ਸਫ਼ਰ

ਰੋਮੀ ਸਿਪਾਹੀਆਂ ਰਾਹੀਂ ਯਹੂਦੀ ਹਜੂਮ ਤੋਂ ਬਚਾ ਕੇ (ਰਸੂਲਾਂ ਦੇ ਕੰਮ 21), ਪੌਲੁਸ ਨੂੰ ❶ਯਰੂਸ਼ਲਮ 'ਚ ਹਿਰਾਸਤ 'ਚ ਲੈ ਕੇ ❷ਕੈਸਰੀਆ ਵਿਚ ਲੈ ਗਏ। ਉੱਥੇ ਫ਼ੇਲਿਕਸ ਨੇ ਪੌਲੁਸ ਦਾ ਕੇਸ ਸੁਣਿਆ ਤਾਂ ਸਹੀ ਪਰ ਕੋਈ ਫ਼ੈਸਲਾ ਨਹੀਂ ਦਿੱਤਾ (ਰਸੂਲਾਂ ਦੇ ਕੰਮ 24)। ਦੋ ਸਾਲ ਬਾਅਦ, ਫ਼ੇਸਤੁਸ ਜਦ ਫ਼ੇਲਿਕਸ ਦੀ ਥਾਂ ਆਇਆ, ਤਾਂ ਫੇਰ ਪੌਲੁਸ ਨੇ ਆਪਣਾ ਕੇਸ ਉਹਦੇ ਅੱਗੇ ਰੱਖਿਆ (25:1-10)। ਫ਼ੇਸਤੁਸ ਦੇ ਪੌਲੁਸ ਨੂੰ ਯਹੂਦੀਆਂ ਦੇ ਸਪੁਰਦ ਕਰਨ ਦਾ ਫ਼ੈਸਲਾ ਲੈਣ ਤੇ ਪੌਲੁਸ ਨੇ ਕੈਸਰ ਕੋਲ ਅਪੀਲ ਕੀਤੀ (25:11)। ਰੋਮ ਲਿਜਾਣ ਦੀ ਉਡੀਕ ਕਰਦਿਆਂ, ਉਹਨੂੰ ਅਗ੍ਰਿੱਪਾ ਦੂਜੇ ਕੋਲ ਮਸੀਹ ਵਾਸਤੇ ਕੈਦ ਹੋਣ ਬਾਰੇ ਗੱਲ ਕਰਨ ਦਾ ਮੌਕਾ ਮਿਲ ਗਿਆ (ਰਸੂਲਾਂ ਦੇ ਕੰਮ 26)।

ਪੌਲੁਸ ਅਤੇ ਉਹਦੇ ਸਾਥੀ (ਜਿਨ੍ਹਾਂ 'ਚ ਲੂਕਾ ਵੀ ਸੀ) ਫ਼ੌਜ ਦੀ ਹਿਫ਼ਾਜ਼ਤ 'ਚ ਰੋਮ ਤੋਂ ❸ਸੈਦਾ ਜਾਣ ਲਈ ਨਿੱਕਲ ਪਏ। ਉਨ੍ਹਾਂ ਨੇ ਲੁਕੀਆ ਦੇ ਨਗਰ ਸੂਰਾ ਵਿਚ ਆ ਕੇ ਜਹਾਜ਼ ਬਦਲੇ (27:5, 6)। ਖਰਾਬ ਮੌਸਮ ਕਰਕੇ, ਜਹਾਜ਼ ❹ਕਰੇਤ ਦੇ ਟਾਪੂ ਸੁੰਦਰ ਘਾਟ ਨਾਂਅ ਦੇ ਟਾਪੂ ਤੇ ਟਿਕ ਗਿਆ; ਜਿੱਥੇ ਮੁਸਾਫ਼ਰਾਂ ਨੇ ਸਿਤੰਬਰ ਤਕ ਆਸਰਾ ਲਿਆ ਭਾਵ ਖ਼ਤਰਨਾਕ ਸਫ਼ਰ ਦਾ ਮੌਸਮ ਖਤਮ ਹੋਣ ਤਕ ਉੱਥੇ ਟਿਕੇ ਰਹੇ। ਕੌਦਾ ਨਾਂਅ ਦੇ ਟਾਪੂ ਦੀ ਓਟ ਲੈਕੇ ਉਨ੍ਹਾਂ ਨੇ ਸਿਆਲ ਕੱਟਣ ਲਈ ਫ਼ੈਨੀਕੇ ਪਹੁੰਚਣ ਦੀ ਕੋਸ਼ਿਸ਼ ਕੀਤੀ (27:6) ਪਰ ਸਮੁੰਦਰ ਵਿਚ ਰੁੜ੍ਹ ਗਏ (27:17)। ❺ਜਹਾਜ਼ ਦਾ ਸਮਾਨ ਹੇਠਾਂ ਸੁੱਟਣ ਦੇ ਬਾਅਦ (27:18, 19), ਅਖ਼ੀਰ ਉਨ੍ਹਾਂ ਨੇ ❻ਮਾਲਟਾ ਟਾਪੂ ਤੇ ਜਹਾਜ਼ ਲਾ ਦਿੱਤਾ (27:41)। ਜਹਾਜ਼ ਤਾਂ ਤਬਾਹ ਹੋ ਗਿਆ, ਪਰ ਉਹਦੇ ਸਭ ਸਵਾਰ ਬਚ ਗਏ ਸਨ (27:14)। ਮਾਲਟਾ ਟਾਪੂ 'ਤੇ ਪੌਲੁਸ ਨੂੰ ਸੱਪ ਦੇ ਕੱਟਣ ਦਾ ਕੋਈ ਅਸਰ ਨਹੀਂ ਹੋਇਆ (28:3-5) ਅਤੇ ਉੱਥੇ ਉਹ ਅਗਲੇ ਤਿੰਨ ਮਹੀਨਿਆਂ ਤਕ ਬੀਮਾਰਾਂ ਨੂੰ ਚੰਗਾ ਕਰਦਾ ਰਿਹਾ (28:8-11)। ਮੌਸਮ ਠੀਕ ਹੋਣ ਦੇ ਬਾਅਦ, ਇਹ ਲੋਕ ਹੋਰ ਜਹਾਜ਼ ਫੜ੍ਹ ਕੇ ਸੈਰਾਕੂਸ ਵੱਲ ਨੂੰ ਚੱਲ ਪਏ (28:12)। ਤਿੰਨ ਦਿਨਾਂ ਬਾਅਦ ਉਹ ਰੇਗਿਉਮ ਅਤੇ ❼ਪੁਤਿਉਲੀ ਵੱਲ ਨੂੰ ਗਏ ਜੋ ਰੋਮੀ ਹਕੂਮਤ ਦੀਆਂ ਵੱਡੀਆਂ ਬੰਦਰਗਾਹਾਂ 'ਚੋਂ ਸੀ। ਪੌਲੁਸ ਅਤੇ ਉਹਦੇ ਸਾਥੀਆਂ ਨੂੰ ਹਫ਼ਤੇ ਤਕ ਸਥਾਨਕ ਮਸੀਹੀ ਲੋਕਾਂ ਨਾਲ ਮਿਲਣ ਦੀ ਇਜਾਜ਼ਤ ਮਿਲੀ ਸੀ। ਫਿਰ ਉਹ ਰੋਮ ਦੇ ਸੌ ਮੀਲ ਦੇ ਸਫ਼ਰ ਲਈ ਤਿਆਰ ਸਨ। ❽ਰਾਹ 'ਚ ਹੋਣ ਵਾਲੀ ਆਉ-ਭਗਤ ਨਾਲ ਪੌਲੁਸ ਉਤਸ਼ਾਹਿਤ ਸੀ। ❾ਰੋਮ 'ਚ ਪੌਲੁਸ ਦੋ ਸਾਲ ਤਕ ਕਿਰਾਏ ਦੇ ਮਕਾਨ 'ਚ ਨਜ਼ਰਬੰਦ ਰਿਹਾ। ਉਸ ਦੌਰਾਨ ਉਹਨੂੰ ਆਉਣ-ਜਾਣ ਵਾਲਿਆਂ ਨਾਲ ਮਿਲਣ ਅਤੇ ਵਚਨ ਸੁਣਾਉਣ ਦੀ ਕਾਫ਼ੀ ਖੁੱਲ੍ਹ ਸੀ (28:30, 31)।

# ਪੌਲੁਸ ਦੇ ਜੀਵਨ ਦਾ
# ਸੁਝਾਇਆ ਗਿਆ ਕਾਲਕ੍ਰਮ

| ਸਮਾਂ | ਘਟਨਾ | ਰਸੂਲਾਂ ਦੇ ਕੰਮ ਵਿਚ ਕਿੱਥੇ |
|---|---|---|
| ਈਸਵੀ (?) | ਜਨਮ | ---- |
| 34 | ਮਨਬਦਲੀ | 9 |
| 46-48 | ਪਹਿਲੀ ਮਿਸ਼ਨਰੀ ਯਾਤਰਾ | 13-14 |
| 49 | ਯਰੂਸ਼ਲਮ ਦੀ ਕਾਨਫ੍ਰੰਸ | 15 |
| 49-52 | ਦੂਜੀ ਮਿਸ਼ਨਰੀ ਯਾਤਰਾ | 16-18 |
| 53-57 | ਤੀਜੀ ਮਿਸ਼ਨਰੀ ਯਾਤਰਾ | 19-21 |
| 57 | ਯਰੂਸ਼ਲਮ ਵਿਚ ਗ੍ਰਿਫ਼ਤਾਰੀ | 21-22 |
| 57-60 | ਕੈਸਰੀਆ ਵਿਚ ਕੈਦ | 23-26 |
| 60 | ਰੋਮ ਦਾ ਸਫ਼ਰ | 27-28 |
| 61-63 | ਰੋਮ ਵਿਚ ਪਹਿਲੀ ਕੈਦ | 28 |
| 66-67 | ਰੋਮ ਵਿਚ ਦੂਜੀ ਕੈਦ | ---- |
| 67 | ਮੌਤ | ---- |

© 2009 Truth for Today